# ਬਾਦਸ਼ਾਹੀ ਦਾ ਇਸਲਾਮ ਕਿ ਅਵਾਮੀ ਇਸਲਾਮ?

(ਮੁਸ਼ਤਾਕ ਸੂਫ਼ੀ)

ਕੁੱਝ ਚਿਰ ਪਹਿਲਾਂ ਇਕ ਨਵੀਂ ਪਾਕਿਸਤਾਨੀ ਮਿਜ਼ਾਇਲ ਦਾ ਨਾਂ ***ਅਬਦਾਲੀ*** ਰੱਖਿਆ ਗਿਆ। ਅਬਦਾਲੀ? ਅਠਾਰਵੀਂ ਸਦੀ ਦਾ ਅਫ਼ਗਾਨ ਜੰਗੀ ਸਰਦਾਰ ਅਹਿਮਦ ਸ਼ਾਹ ਅਬਦਾਲੀ, ਜਿਸ ਹਿੰਦੁਸਤਾਨ (ਪਾਕਿਸਤਾਨ ਉਦੋਂ ਹਿੰਦੁਸਤਾਨ ਹੀ ਸੀ) ਉੱਤੇ ਹਮਲੇ ਕੀਤੇ। ਪੰਜਾਬ ਤੋਂ ਦਿੱਲੀ ਤਾਂਈ ਅੱਗ ਤੇ ਖ਼ੂਨ ਦੀ ਖੇਡ ਖੇਡੀ। ਤਬਾਹੀ ਹਿੰਦੂਆਂ ਤੇ ਸਿੱਖਾਂ ਤੋਂ ਵੱਧ ਮੁਸਲਮਾਨਾਂ ਦੀ ਹੋਈ। ਅਹਿਮਦ ਸ਼ਾਹ ਅਤੇ ਉਸ ਦੇ ਸਿਪਾਹੀਆਂ ਦੀ ਲੁੱਟ ਮਾਰ ਐਡੀ ਭਰਪੂਰ ਤੇ ਖਿੱਲਰਵੀਂ ਸੀ ਕਿ ਪੰਜਾਬ ਵਿਚ ਅਖਾਣ ਮਸ਼ਹੂਰ ਹੋਇਆਃ ***ਖਾਧਾ ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ।***

ਅਬਦਾਲੀ ਦੇ ਘੁੜਸਵਾਰਾਂ ਤੋਂ ਕੋਈ ਸ਼ੈ ਨਾ ਬਚ ਸਕੀ ਨਾ ਮਾਲ ਡੰਗਰ, ਨਾ ਦਾਣਾ ਫੱਕਾ, ਨਾ ਰੁਪਿਆ ਪੈਸਾ, ਨਾ ਗਹਿਣਾ ਗੋਟਾ, ਨਾ ਇੱਜ਼ਤ ਆਬਰੂ, ਨਾ ਜਿੰਦ ਜਾਨ। ਅਬਦਾਲੀ ਫ਼ੌਜ ਦੀ ਕੀਤੀ ਤਬਾਹੀ ਮਗਰੋਂ ਮੁਗ਼ਲ ਸ਼ਾਹੀ ਦੇ ਸਿਆਸੀ ਅਤੇ ਮਾਅਸ਼ੀ (ਆਰਥਕ) ਢਾਂਚੇ ਦੀਆਂ ਢਿੱਲੀਆਂ ਚੂਲਾਂ ਮੁੱਢੋਂ ਹਿੱਲ ਗਈਆਂ। ਮਾਅਸ਼ੀ ਭੁੱਖ ਨੰਗ ਤੇ ਸਿਆਸੀ ਸਮਾਜੀ ਅਫਰਾਤਫ਼ਰੀ ਮੱਚ ਗਈ। ਮੁਗ਼ਲ ਸ਼ਾਹੀ ਦੀ ਹਾਕਮੀਅਤ ਦਾ ਭਰਮ ਟੁੱਟ ਗਿਆ। ਸਿੱਖ ਕਿਸਾਨਾਂ ਨੂੰ ਆਪਣੇ ਜੰਗੀ ਸਰਦਾਰਾਂ ਦੀ ਅਗਵਾਈ ਹੇਠ ਸਿਰ ਕੱਢਣ ਦਾ ਤਾਰੀਖ਼ੀ ਮੌਕਾ ਮਿਲਿਆ। ਅਜਿਹੇ ਬਿਰਾਜੇ ਹਾਲਾਤ ਵਿਚ ਬਾਬੇ ਬੁੱਲ੍ਹੇ ਸ਼ਾਹ ਆਖਿਆਃ

***ਦਰ ਖੁਲਾ ਹਸ਼ਰ ਅਜ਼ਾਬ ਦਾ***
***ਬੁਰਾ ਹਾਲ ਹੋਇਆ ਪੰਜਾਬ ਦਾ***
***ਸਾਨੂੰ ਹਾਵੀਏ ਦੋਜ਼ਖ਼ ਸਾੜਿਆ***
***ਕਦੀ ਆ ਮਿਲ ਯਾਰ ਪਿਆਰਿਆ।***

ਅਹਿਮਦ ਸ਼ਾਹ ਦੇ ਧਾਵੇ ਮਗਰੋਂ ਬੁੱਲ੍ਹੇ ਸ਼ਾਹ ਦੇ ਆਖਣ ਮੂਜਬ ਪੰਜਾਬ ਨਿਰਾ ਦੋਜ਼ਖ਼ ਹੀ ਨਹੀਂ ਹੋਇਆ, ਦੋਜ਼ਖ਼ ਦਾ ਸਭ ਤੋਂ ਡੂੰਘਾ ਹਿੱਸਾ ਬਣ ਗਿਆ। ਸਵਾਲ ਹੈ ਕਿ ਪੰਜਾਬੀ ਮੁਸਲਮਾਨਾਂ ਲਈ ਉਨ੍ਹਾਂ ਦੇ ਘਰ ਨੂੰ ਹਾਵੀਆ ਦੋਜ਼ਖ਼ ਬਣਾਉਣ ਵਾਲਾ, ਸਾਡਾ ਹੀਰੋ ਕਿਵੇਂ ਬਣ ਗਿਆ? ਉਹ ਅਫ਼ਗਾਨਿਸਤਾਨ ਦਾ ਹੀਰੋ ਹੋਵੇ ਤਾਂ ਹੋਵੇ ਕਿਉਂਕਿ ਅਜੋਕਾ ਅਫ਼ਗਾਨਿਸਤਾਨ ਉਸੇ ਦੀ ਬਾਦਸ਼ਾਹੀ ਵਿਚੋਂ ਉਸਰਿਆ। ਪਰ ਉਹ ਸਾਡਾ ਕਿਵੇਂ ਬਣ ਗਿਆ? ਉਸ ਦੀ ਲੜਾਈ ਕਿਸੇ ਹਿੰਦੂ ਰਾਜੇ ਨਾਲ ਨਹੀ (ਇਹ ਵੱਖਰਾ ਸੁਆਲ ਹੈ ਕਿ ਇਕ ਮਜ਼ਹਬੀ ਟੋਲੇ ਨੂੰ ਦੂਜੇ ਮਜ਼ਹਬੀ ਟੋਲੇ ਉੱਤੇ ਹਮਲਾ ਕਰਨ ਦਾ ਇਨਸਾਨੀ ਇਖ਼ਲਾਕੀ ਹੱਕ ਦਿੱਤਾ ਜਾ ਸਕਦਾ ਹੈ) ਮੁਗ਼ਲਸ਼ਾਹੀ ਨਾਲ ਹੋਈ। ਜਿਸ ਨੂੰ ਜੜ੍ਹੋਂ ਉਖਾੜਨ ਵਿਚ ਅਹਿਮਦ ਸ਼ਾਹ ਅਬਦਾਲੀ ਦਾ ਤਾਰੀਖ਼ੀ ਰੋਲ ਹੈ, ਜਿਹਨੂੰ ਸਾਰੇ ਤਾਰੀਖ਼ਦਾਨ ਮੰਨਦੇ ਹਨ।

ਦੂਜਾ, ਇਹ ਉਹੀ ਮੁਗ਼ਲਸ਼ਾਹੀ ਹੈ ਜਿਸ ਨੂੰ ਸਾਡੀ ਹਾਕਮ ਇਲੀਟ (ਉੱਪਰਲਾ ਤਬਕਾ) ਆਪਣਾ ਤਾਰੀਖ਼ੀ ਵਿਰਸਾ ਤੇ ਸ਼ਾਨੋ ਸ਼ੌਕਤ ਬਣਾ ਬਣਾ ਪੇਸ਼ ਕਰਦੀ ਹੈ। ਮੁਗ਼ਲ ਖਾਣੇ, ਮੁਗ਼ਲ ਇਮਾਰਤਾਂ, ਮੁਗ਼ਲ ਬਾਗ਼, ਮੁਗ਼ਲਸ਼ਾਹੀ ਅਦਬੋਅਦਾਬ। ਇਸ ਦੀ ਇਕ ਮਿਸਾਲ ਇਸਲਾਮਾਬਾਦ ਵਿਚ ਪ੍ਰਾਈਮ ਮਨਿਸਟਰ ਸੈਕਰੇਟੇਰੀਅਟ ਹੈ ਜਿਹੜਾ ਨਵਾਜ਼ ਸ਼ਰੀਫ਼ ਦੇ ਜ਼ਮਾਨੇ ਵਿਚ ਉਸਾਰਿਆ ਗਿਆ ਤੇ ਜਿਹੜਾ ਮੁਗ਼ਲ ਕਿਲ੍ਹਿਆਂ ਦੀ ਘਟੀਆ ਜਿਹੀ ਨਕਲ ਹੈ, ਤੇ ਪੂਰੇ ਇਸਲਾਮਾਬਾਦ ਦੇ ਅਜੋਕੇ ਨਵੇਂ ਲੈਂਡਸਕੇਪ ਵਿਚ ਅਸਲੋਂ ਓਪਰਾ ਤੇ ਬੇਜੋੜ ਲਗਦਾ ਹੈ।

ਸਾਡੀ ਇਲੀਟ ਇਕ ਖੀਸੇ ਵਿਚ ਮੁਗ਼ਲ ਰੁਮਾਲ ਰਖਣਾ ਚਾਹੁੰਦੀ ਹੈ ਤੇ ਦੂਜੇ ਖੀਸੇ ਵਿਚ ਅਬਦਾਲੀ ਖ਼ੰਜਰ। ਇਹ ਦੋਵਾਂ ਦੇ ਪਾੜ ਤੋਂ ਜ਼ਿਹਨੀ ਤੇ ਤਾਰੀਖ਼ੀ ਤੌਰ ਤੇ ਖ਼ਬਰੇ ਬੇਖ਼ਬਰ ਹੈ, ਜਾਂ ਖ਼ਬਰੇ ਸੋਚੇ ਸਮਝੇ ਵਿਚਾਰ ਦੀ ਨਵੀਂ ਵਖਾਲੀ ਹੈ। ਆਪਣੇ ਵੱਲੋਂ ਸਾਡੀ ਇਲੀਟ ਨੇ ਨਵੀਂ ਮਿਜ਼ਾਈਲ ਦਾ ਨਾਂ ਅਬਦਾਲੀ ਰੱਖ ਕੇ ਹਿੰਦੁਸਤਾਨ ਨੂੰ ਤਾਰੀਖ਼ੀ ਸੈਨਤ ਰਾਹੀਂ ਸੁਝਾਇਆ ਹੈ ਕਿ ਜੰਗ ਦੀ ਸ਼ਕਲ ਵਿਚ ਉਹ ਉਨ੍ਹਾਂ ਲਈ ਇਹੋ ਜਿਹੀ ਤਬਾਹੀ ਸਾਬਤ ਹੋ ਸਕਦੇ ਹਨ ਜਿਹੋ ਜਿਹੀ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਤੋਂ ਹੋਈ। ਪਰ ਜਿਵੇਂ ਪਹਿਲਾਂ ਆਖ ਚੁਕੇ ਹਾਂ ਅਬਦਾਲੀ ਹਮਲੇ ਤੋਂ ਤਬਾਹੀ ਕਿਸ ਦੀ ਹੋਈ? ਹਿੰਦੂਆਂ ਦੀ ਜਾਂ ਮੁਸਲਮਾਨਾਂ ਦੀ ? ਸਾਡੀ ਇਲੀਟ ਨੂੰ ਅਹਿਮਦ ਸ਼ਾਹ ਦਾ ਹਮਲਾ ਬਤੌਰ ਵਾਕਿਆ ਦੇ ਯਾਦ ਹੈ ਪਰ ਵਾਕਿਆ ਦੇ ਨਾਲ ਜੁੜੇ ਮਨਫ਼ੀ ਮਾਅਨਿਆਂ ਤੋਂ ਉਹ ਅਸਲੋਂ ਬੇਪਰਵਾਹ ਹੈ। ਇਹ ਬੇਪਰਵਾਹੀ ਕੋਈ ਜ਼ਿਹਨੀ ਭੁੱਲ ਨਹੀਂ, ਇਹ ਨਜ਼ਰੀਆਤੀ ਚੌਖਟੇ ਵਿਚੋਂ ਪੈਦਾ ਹੋਈ ਆਮ ਜ਼ਿਹਨੀਅਤ ਦੀ ਇਕ ਨਵੀਂ ਵਖਾਲੀ ਹੈ।

ਸਾਡੀ ਇਲੀਟ ਨੂੰ (ਜਿਸ ਦੀ ਉਮਰ ਅਜੇ ਬਹੁਤ ਛੋਟੀ ਹੈ) ਆਪਣੀ ਤਾਕਤ ਦੇ ਉਸਾਰੇ ਨੂੰ ਤਕੜਾ ਵਖਾਉਣ ਲਈ ਤਾਰੀਖ਼ੀ ਬੁਨਿਆਦ ਦੀ ਲੋੜ ਹੈ ਜਿਸ ਨੂੰ ਉਹ ਗੁਜ਼ਰੇ ਜ਼ਮਾਨੇ ਦੇ ਮੁਸਲਮਾਨ ਹਮਲਾਵਰਾਂ ਦੀਆਂ ਤਲਵਾਰਾਂ ਅਤੇ ਘੋੜਿਆਂ ਦੇ ਸੁੰਮਾਂ ਵਿਚੋਂ ਲੱਭਦੀ ਹੈ। ਇਸ ਦਾ ਇਕ ਸਬੱਬ ਇਹ ਵੀ ਹੈ ਕਿ ਸਾਡੀ ਇਲੀਟ ਸਾਡੀ ਲੋਕਾਈ ਦੀ ਜਾਇਜ਼ ਨੁਮਾਇੰਦਾ ਨਹੀਂ ਹੈ

ਕਿਉਂਕਿ ਉਹ ਕਲੋਨੀਗਿਰੀ (ਬਸਤੀਵਾਦ) ਅਤੇ ਮਾਜ਼ੀ (ਬੀਤੇ) ਪ੍ਰਸਤੀ ਦੇ ਮਨਫ਼ੀ ਅੰਗਾਂ ਤੋਂ ਬਣੀ ਹੈ। ਇਹ ਨਹੀਂ ਕਿ ਸਾਡੀ ਲੋਕਾਈ ਦੇ ਤਾਰੀਖ਼ੀ ਤੌਰ ਤੇ ਜਾਇਜ਼ ਨੁਮਾਇੰਦੇ ਨਹੀਂ ਪੈਦਾ ਹੋਏ। ਜਾਇਜ਼ ਨੁਮਾਇੰਦੇ ਪੈਦਾ ਹੋਏ ਪਰ ਉਹ ਸ਼ਾਇਦ ਵੱਖਰੇ ਕਿਸਮ ਦੇ ਮੁਸਲਿਮ ਅਹਿਸਾਸ ਦੀ ਝਲਕ ਹੈਨ ਜਿਸ ਵਿਚ ਰਵਾਦਾਰੀ ਤੇ ਆਪਸੀ ਬਚਾ ਦਾ ਰੰਗ ਗੂੜ੍ਹਾ ਹੈ।